# India – Nigeria Strategic and Counter-Terrorism Dialogue

March 05, 2021

---

# ਭਾਰਤ - ਨਾਈਜੀਰੀਆ ਦਰਮਿਆਨ ਰਣਨੀਤਕ ਅਤੇ ਅੱਤਵਾਦ-ਰੋਧੀ ਗੱਲਬਾਤ

5 ਮਾਰਚ, 2021

ਰਾਸ਼ਟਰੀ ਸੁਰੱਖਿਆ ਸਲਾਹਕਾਰ ਸ੍ਰੀ ਅਜੀਤ ਕੇ. ਡੋਵਾਲ ਕੇ.ਸੀ. ਦੇ ਸੱਦੇ 'ਤੇ ਨਾਈਜੀਰੀਆਈ ਰਾਸ਼ਟਰੀ ਸੁਰੱਖਿਆ ਸਲਾਹਕਾਰ ਮੇਜਰ ਜਨਰਲ (ਸੇਵਾ-ਮੁਕਤ) ਬਾਬਗਾਨਾ ਮੋਂਗੁਨੋ ਨੇ 4-5 ਮਾਰਚ, 2021 ਤੱਕ ਐੱਨ.ਐੱਸ.ਏ ਪੱਧਰ 'ਤੇ ਭਾਰਤ ਅਤੇ ਨਾਈਜੀਰੀਆ ਦਰਮਿਆਨ ਹੋਈ ਪਹਿਲੀ ਰਣਨੀਤਕ ਅਤੇ ਅੱਤਵਾਦ-ਰੋਧੀ ਗੱਲਬਾਤ ਵਿੱਚ ਹਿੱਸਾ ਲੈਣ ਲਈ ਨਵੀਂ ਦਿੱਲੀ ਦਾ ਦੌਰਾ ਕੀਤਾ।

ਰਾਸ਼ਟਰੀ ਸੁਰੱਖਿਆ ਸਲਾਹਕਾਰਾਂ ਨੇ ਭਾਰਤ ਅਤੇ ਨਾਈਜੀਰੀਆ ਦਰਮਿਆਨ ਨੇੜਲੀ ਰਣਨੀਤਕ ਭਾਈਵਾਲੀ ਦੇ ਢਾਂਚੇ ਅੰਦਰ ਲੋਕਤੰਤਰੀ ਸਮਾਜਾਂ ਨੂੰ ਅੱਤਵਾਦ, ਕੱਟੜਪੰਥੀ, ਸਾਇਬਰਸਪੇਸ ਸਣੇ ਚਰਮਪੰਥੀਕਰਨ ਅਤੇ ਆਲਮੀ ਅਪਰਾਧ, ਹਥਿਆਰਾਂ, ਨਸ਼ਿਆਂ ਦੀ ਤਸਕਰੀ ਅਤੇ ਪਾਇਰੇਸੀ ਤੋਂ ਦਰਪੇਸ਼ ਖਤਰਿਆਂ ਅਤੇ ਚੁਣੌਤੀਆਂ ਬਾਰੇ ਡੂੰਘੇ ਵਿਚਾਰ ਵਟਾਂਦਰੇ ਕੀਤੇ।

ਦੋਵਾਂ ਧਿਰਾਂ ਨੇ ਅੱਤਵਾਦ ਦੇ ਸਾਰੇ ਰੂਪਾਂ ਵਿਰੁੱਧ ਆਪਣੀ ਜੰਗ ਨੂੰ ਅੱਗੇ ਲਿਜਾਣ ਲਈ ਸਹਿਯੋਗ ਦੇ ਵਿਸ਼ੇਸ਼ ਖੇਤਰਾਂ ਦੀ ਪਛਾਣ ਕੀਤੀ ਅਤੇ ਆਪਣੇ ਇਸ ਦ੍ਰਿੜ ਵਿਸ਼ਵਾਸ ਦੀ ਤਸਦੀਕ ਕੀਤੀ ਕਿ ਕਿਸੇ ਵੀ ਰੂਪ ਜਾਂ ਪ੍ਰਗਟਾਵੇ ਵਿਚ ਅੱਤਵਾਦ ਨੂੰ ਜਾਇਜ਼ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਨੇ ਕੌਮਾਂਤਰੀ ਖੇਤਰ ਵਿਚ ਆਪਣਾ ਸਹਿਯੋਗ ਵਧਾਉਣ ਅਤੇ ਇਸ ਖੇਤਰ ਵਿਚ ਬਾਕਾਇਦਾ ਸੰਪਰਕ ਬਣਾਈ ਰੱਖਣ ਉੱਤੇ ਵੀ ਸਹਿਮਤੀ ਦਿੱਤੀ।

ਆਪਣੀ ਇਸ ਫੇਰੀ ਦੌਰਾਨ ਨਾਈਜੀਰੀਆਈ ਰਾਸ਼ਟਰੀ ਸੁਰੱਖਿਆ ਸਲਾਹਕਾਰ ਨੇ ਵਿਦੇਸ਼ ਮੰਤਰੀ ਨਾਲ ਵੀ ਮੁਲਾਕਾਤ ਕੀਤੀ।

ਨਵੀਂ ਦਿੱਲੀ

5 ਮਾਰਚ, 2021

DISCLAIMER: This is an approximate translation. The original is available in English on MEA's website and may be referred to as the official press release.